


*Research Article*

# ਸਾਹਿਤ ਵਿੱਚ ਨਾਰੀ ਬਿੰਬ ਦੀ ਘਾੜ੍ਹਤ

**ਡਾ. ਹਰਵਿੰਦਰ ਕੌਰ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ, ਪੰਜਾਬ, ਭਾਰਤ

**Corresponding Author:** * ਡਾ. ਹਰਵਿੰਦਰ ਕੌਰ

**DOI:** https://doi.org/10.5281/zenodo.21720995

**ਸਾਰ**

ਸਾਹਿਤ ਅਤੇ ਸਮਾਜ ਦੋ ਵੱਖ-ਵੱਖ ਧਰਾਤਲ ਹਨ / ਸਮਾਜ ਵਿਚ ਰਹਿ ਰਿਹਾ ਆਮ ਮਨੁੱਖ ਜੀਵਨ ਦੀ ਜਟਿਲਤਾ ਨੂੰ ਸਮਝਣ ਵਿਚ ਅਸਮਰੱਥ ਹੁੰਦਾ ਹੈ। ਪਰੰਤੂ ਨਾਟਕਕਾਰ ਮਾਨਵੀਂ ਜੀਵਨ ਦੇ ਅੰਤਰ-ਵਿਰੋਧਾਂ ਨੂੰ ਸਮਝ ਕੇ ਜੀਵਨ ਦੇ ਯਥਾਰਥ ਬਿੰਬ ਨੂੰ ਪੇਸ਼ ਕਰਦਾ। ਇਸ ਬਿੰਬ ਵਿਚ ਸਮਾਜਿਕ ਬਣਤਰ ਦਾ ਸਮੁੱਚਾ ਢਾਂਚਾ ਕਾਰਜਸ਼ੀਲ ਹੁੰਦਾ ਹੈ। ਇਸ ਢਾਂਚੇ ਵਿਚ ਨਾਰੀ ਦਾ ਵਿਵਹਾਰ ਪਹਿਲਾ ਤੋਂ ਹੀ ਤੈਅ ਕੀਤਾ ਗਿਆ ਹੁੰਦਾ ਹੈ। ਇਹ ਵਿਵਹਾਰ ਔਰਤ ਨੂੰ ਬੜੀ ਚਲਾਕੀ ਨਾਲ ਨੈਤਿਕਤਾ ਦੀ ਬੁਰਕੀ ਵਿਚ ਲਪੇਟ ਕੇ ਦਿੱਤਾ ਜਾਂਦਾ ਹੈ। ਨਾਟਕਕਾਰ ਇਸ ਵਿਚ ਕਾਰਜ਼ਸੀਲ ਵਿਚਾਰਧਾਰਕ ਸੰਸਥਾਵਾਂ ਦੀ ਸਮੁੱਚੀ ਕਾਰਵਾਈ ਨੂੰ ਸਾਡੇ ਸਨਮੁੱਖ ਕਰਦਾ ਹੈ। ਜਿਵੇਂ ਘਰ, ਪਰਿਵਾਰ, ਧਰਮ, ਸਕੂਲ, ਰਾਜਨੀਤੀ, ਕਾਨੂੰਨ ਆਦਿ ਸਮਾਜਿਕ ਸੰਸਥਾਵਾਂ ਹਨ, ਜਿਹੜੀਆਂ ਨਾਰੀ ਦੇ ਵਿਵਹਾਰ ਨੂੰ ਨਿਸ਼ਚਿਤ ਕਰਦੀਆਂ ਹਨ। ਨਾਰੀ ਦੀ ਸਥਿਤੀ ਇੰਨੀ ਸਹਿਜ ਕਿਉਂ ਅਤੇ ਕਿਵੇਂ ਹੋ ਜਾਂਦੀ ਹੈ ਕਿ ਉਹ ਪਹਿਲਾ ਤੋਂ ਹੀ ਤੈਅ ਵਿਵਹਾਰ ਨੂੰ ਅਪਣਾ ਲੈਂਦੀ ਹੈ। ਕਿਉਂ ਅਤੇ ਕਿਵੇਂ ਦੇ ਪ੍ਰਸ਼ਨ ਵਿਚਾਰਧਾਰਾ ਨਾਲ ਜੁੜੇ ਹੁੰਦੇ ਹਨ ਅਤੇ ਕੋਈ ਵੀ ਸਮਾਜ ਵਿਚਾਰਧਾਰਾ ਤੋਂ ਮੁਕਤ ਨਹੀਂ ਹੋ ਸਕਦਾ ਕਿਉਂਕਿ ਸਮਾਜ ਨਿਰਲੇਪ ਵਰਤਾਰਾ ਨਹੀਂ ਸਗੋਂ ਉਤਪਾਦਨ ਦੀ ਵਿਧੀ ਵਿਚੋਂ ਉਪਜਿਆ ਮਨੁੱਖੀ ਕਦਰ ਪ੍ਰਬੰਧ ਹੁੰਦਾ ਹੈ ਜਿਸ ਰਾਹੀਂ ਮਨੁੱਖ ਆਪਣੀ ਜ਼ਿੰਦਗੀ ਜ਼ਿਉਂਦੇ ਹਨ। ਵਿਚਾਰਧਾਰਾ ਦੀਆਂ ਸਾਖਾਵਾਂ ਸਮਾਜਿਕ ਸੰਸਥਾਵਾਂ ਹੁੰਦੀਆਂ ਹਨ। ਇਹ ਸੰਸਥਾਵਾਂ ਸਮਾਜ ਨੂੰ ਹੀ ਪ੍ਰਦਰਸ਼ਿਤ ਕਰ ਰਹੀਆਂ ਹੁੰਦੀਆਂ ਹਨ ਇਸ ਲਈ ਲਿਖਤ ਵਿਚ ਪ੍ਰਸਤੁਤ ਮਨੁੱਖੀ ਜੀਵਨ ਦਾ ਦ੍ਰਿਸ਼ ਸਮਾਜ ਦਾ ਦ੍ਰਿਸ਼ ਨਹੀਂ ਹੁੰਦਾ ਸਗੋਂ ਇਕ ਸਮੂਹ ਦਾ ਹੁੰਦਾ ਹੈ ਜਿਹੜਾ ਅੰਕੜਿਆਂ ਰਾਹੀਂ ਸਾਹਮਣੇ ਨਹੀਂ ਆਉਂਦਾ ਸਗੋਂ ਮਨੁੱਖੀ ਅਨੁਭਵ ਦੁਆਰਾ ਕਸ਼ੀਦਿਆਂ ਤੱਤ ਬਣ ਕੇ ਸਾਹਮਣੇ ਆਉਂਦਾ ਹੈ।

ਨਾਟਕਕਾਰ ਨੇ ਇਸ ਕਸ਼ੀਦੇ ਤੱਤ ਨੂੰ ਹੀ ਬਿੰਬ ਵਿਚ ਢਾਲ ਕੇ ਨਵੇਂ ਸਿਰਿਓ ਤੋਂ ਨਾਰੀ ਬਿੰਬ ਨੂੰ ਘੜ੍ਹਨਾ ਹੁੰਦਾ ਹੈ। ਨਾਟਕਕਾਰ ਸਮਾਜ ਦੀ ਕਿਸੇ ਇਕ ਘਟਨਾ ਜਾਂ ਵਰਤਾਰੇ ਨੂੰ ਲੈ ਕੇ ਨਵੇਂ ਬਿਰਤਾਂਤ ਦੀ ਸਿਰਜਣਾ ਕਰਦਾ ਹੈ। ਨਵਾਂ ਬਿਰਤਾਂਤ ਵਰਤਮਾਨ ਦਾ ਪ੍ਰਸੰਗ ਸਿਰਜ ਕੇ ਅਤੀਤ ਨਾਲ ਸੰਵਾਦ ਰਚਾ ਕੇ ਸਮਾਜਿਕ ਅਵਚੇਤਨ ਘੜ੍ਹ ਕੇ ਉਹਨਾਂ ਮੁੱਦਿਆਂ ਨੂੰ ਜ਼ਾਹਿਰ ਕਰਦਾ ਹੈ ਜੋ ਮੂਲ ਰੂਪ ਵਿਚ ਸਮਾਜ ਦੀ ਰਾਜਨੀਤੀ ਨੂੰ ਪੇਸ਼ ਕਰਦੇ ਹਨ।

**Manuscript Information**

- **ISSN No:** 2583-7397
- **Received:** 06-03-2025
- **Accepted:** 26-04-2025
- **Published:** 30-04-2025
- **IJCRM:**4(2); 2025: 523-527
- **©2025, All Rights Reserved**
- **Plagiarism Checked:** Yes
- **Peer Review Process:** Yes

**How to Cite this Article**

ਕੌਰ ਹ. ਸਾਹਿਤ ਵਿੱਚ ਨਾਰੀ ਬਿੰਬ ਦੀ ਘਾੜ੍ਹਤ. Int J Contemp Res Multidiscip. 2025;4(2):523-527.

**Access this Article Online**

www.multiarticlesjournal.com

**ਮੁੱਖ ਸ਼ਬਦ:** ਦਵੰਦਾਤਮਕ, ਬਿੰਬ, ਵਿਚਾਰਧਾਰਾ, ਬਿਰਤਾਂਤ, ਸੱਤਾ, ਘਾੜ੍ਹਤ ਆਦਿ।


© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/

## ਭੂਮਿਕਾ

ਸਾਹਿਤ ਅਤੇ ਸਮਾਜ ਦਾ ਰਿਸ਼ਤਾ ਦਵੰਦਾਤਮਕ ਹੈ। ਸਾਹਿਤ ਸਮਾਜ ਨੂੰ ਸੇਧ ਦਿੰਦਾ ਹੋਇਆ ਇਸ ਦੀ ਵਿਆਖਿਆ ਕਰਦਾ ਹੈ ਅਤੇ ਸਮਾਜ ਸਾਹਿਤ ਨੂੰ ਕੱਚੀ ਸਮੱਗਰੀ ਪ੍ਰਦਾਨ ਕਰਦਾ ਹੈ ਇਸ ਲਈ ਇਹ ਜਿਥੇ ਆਪਣੇ ਸਮੇਂ ਦੇ ਜੀਵਨ ਸੱਚ ਅਤੇ ਸੋਚ ਵਿਚਲੇ ਅੰਤਰ-ਵਿਰੋਧਾਂ ਨੂੰ ਵੀ ਪੇਸ਼ ਕਰਦਾ ਹੈ ਉਥੇ ਇਹ ਬਦਲਵੇਂ ਰੂਪ ਵਿਚ ਸਮਾਜਿਕ ਤਬਦੀਲੀ ਅਤੇ ਆਪਣੇ ਸਮੇਂ ਦੀ ਸਮਾਜਿਕ ਚੇਤਨਾ ਦੇ ਵਿਕਾਸ ਵਿਚ ਵੀ ਸਹਾਈ ਹੁੰਦਾ ਹੈ। ਸਮਾਜਿਕ ਚੇਤਨਾ ਅਤੇ ਸਮਾਜਿਕ ਤਬਦੀਲੀ ਨੂੰ ਸਾਹਿਤਕਾਰ ਆਪਣੀ ਦੂਰ ਦ੍ਰਿਸ਼ਟੀ ਨਾਲ ਦੇਖਦਾ ਹੈ ਅਤੇ ਸਮਾਜਿਕ ਪਰਿਵਰਤਨ ਦੀ ਤੋਰ ਪਿਛੇ ਕਾਰਜ਼ਸ਼ੀਲ ਕਾਰਣਾਂ, ਇਤਿਹਾਸਕ ਲੋੜਾਂ, ਪ੍ਰਭਾਵਾਂ ਨੂੰ ਆਪਣੀ ਵਿਲੱਖਣਾ ਅਤੇ ਦੂਰ ਦ੍ਰਿਸ਼ਟੀ ਨਾਲ ਬਿੰਬ ਵਿਚ ਪੇਸ਼ ਕਰਦਾ ਹੈ। ਇਹ ਵਿਲੱਖਣਤਾ ਹੀ ਸਾਹਿਤ ਸਮੀਖਿਆ ਦਾ ਆਧਾਰ ਬਣਦੀ ਹੈ। ਸਾਹਿਤਕਾਰ ਆਪਣੀ ਵਿਸ਼ੇਸ਼ ਦ੍ਰਿਸ਼ਟੀ ਨਾਲ ਹੀ ਕਲਾਤਮਿਕ ਬਿੰਬ ਦੀ ਸਿਰਜਣਕਾਰੀ ਕਰਨ ਵਿਚ ਸਫ਼ਲ ਹੁੰਦਾ ਹੈ। ਇਸ ਕਲਾਤਮਿਕ ਬਿੰਬ ਦਾ ਵਿਸ਼ਲੇਸ਼ਣ ਕਰਨ ਲੱਗੇ ਅਸੀਂ ਦੇਖਦੇ ਹਾਂ ਕਿ ਇਸ ਵਿਚ ਲੇਖਕ ਸਮਾਜ ਦਾ ਅਕਸ ਹੀ ਪੇਸ਼ ਨਹੀਂ ਕਰਦਾ ਸਗੋਂ ਨਵੇਂ ਯਥਾਰਥ ਦੇ ਅਦਿੱਖ ਤੱਥ ਅਤੇ ਸਥਿਤੀਆਂ ਨੂੰ ਪੇਸ਼ ਕਰਦਾ ਹੈ, ਜਿਹੜੀਆਂ ਸਮਾਜ ਨੂੰ ਨਹੀਂ ਸਗੋਂ ਸਮਾਜ ਦੀ ਬਣਤਰ ਨੂੰ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ।

ਲੇਖਕ ਕੋਲ ਬਿੰਬ ਨੂੰ ਢਾਲਣ ਵੇਲੇ ਸਮੱਗਰੀ ਦੇ ਤਿੰਨ ਸਰੋਤ ਇਤਿਹਾਸ, ਸਭਿਆਚਾਰ ਅਤੇ ਉਸਦੀ ਸਿਰਜਾਣਮਿਕਤਾ। ਇਹ ਤਿੰਨੇ ਸਰੋਤ ਮਿਲਕੇ ਰਚਨਾ ਵਿਚ ਵਿਸ਼ੇਸ਼ ਪਰਿਸਥਿਤੀਆਂ ਨੂੰ ਘੜ੍ਹਦੇ ਹਨ। ਇਹ ਵਿਸ਼ੇਸ਼ ਪਰਿਸਥਿਤੀ ਦਾ ਅੰਤਿਮ ਰੂਪ ਸੱਚਾ ਜਾਂ ਝੂਠਾ ਨਹੀਂ ਹੁੰਦਾ। ਬਿੰਬ ਦੀ ਸਿਰਜਣਾ ਵੇਲੇ ਪਹਿਲੇ ਸਰੋਤ ਤੀਜੇ ਦੀ ਅਧੀਨਗੀ ਵਿਚ ਰਹਿੰਦੇ ਹਨ ਅਤੇ ਆਪਣੀ ਆਜ਼ਾਦੀ ਗੁਆ ਕੇ ਲੇਖਕ ਦੇ ਨਿੱਜ ਵਿਚ ਸ਼ਾਮਿਲ ਹੋ ਜਾਂਦੇ ਹਨ।[1] ਲੇਖਕ ਆਪਣੀ ਸਮਝ ਮੁਤਾਬਿਕ ਕੁਝ ਚੁਣ ਲੈਂਦਾ ਹੈ ਅਤੇ ਕੁਝ ਛੱਡ ਦਿੰਦਾ ਹੈ ਅਤੇ ਅਖੀਰ ਅਰਥ ਭਰਪੂਰ ਇਕਾਈ ਘੜ੍ਹਦਾ ਹੈ। ਇਸ ਅਰਥ ਭਰਪੂਰ ਇਕਾਈ ਵਿਚ ਹੀ ਬਿੰਬ ਸ਼ਾਮਿਲ ਹੁੰਦਾ ਹੈ। ਸਾਹਿਤਕਾਰ ਦੁਆਰਾ ਘੜ੍ਹਿਆ ਗਿਆ ਇਹ ਕਲਾਤਮਿਕ ਬਿੰਬ ਅਤੀਤ ਨਾਲ ਸੰਵਾਦ ਰਚਾਉਂਦਾ ਹੈ ਅਤੇ ਵਰਤਮਾਨ ਦਾ ਪ੍ਰਸੰਗ ਬਣ ਕੇ ਮਾਨਵੀਂ ਅਵਚੇਤਨ ਨੂੰ ਘੜ੍ਹ ਕੇ ਸਮਕਾਲੀ ਮੁੱਦਿਆ ਨੂੰ ਮੁਖਾਤਿਬ ਹੁੰਦਾ ਹੈ ਜੋ ਸਮਾਜ ਦੀ ਰਾਜਨੀਤੀ ਨੂੰ ਜ਼ਾਹਿਰ ਕਰਦੇ ਹਨ। ਲੇਖਕ ਦੀ ਵਿਚਾਰਧਾਰਿਕ ਦ੍ਰਿਸ਼ਟੀ ਅਤੇ ਉਸਦੀ ਜਮਾਤੀ ਪੁਜ਼ੀਸ਼ਨ ਬਿੰਬ ਪ੍ਰਤੀ ਚੇਤਨਾ ਜਗਾਉਂਦੀ ਹੈ ਕਿ ਜੀਵਨ ਇਸ ਤਰ੍ਹਾਂ ਦਾ ਹੈ ਇਹ ਕਿਉਂ ਹੈ ਅਤੇ ਕਿਵੇਂ ਇਸ ਤਰ੍ਹਾਂ ਦਾ ਬਣਿਆ। ਕਿਉਂ ਅਤੇ ਕਿਵੇਂ ਦੇ ਪ੍ਰਸ਼ਨ ਵਿਚਾਰਧਾਰਾ ਨਾਲ ਜੁੜੇ ਹੁੰਦੇ ਹਨ। ਹਰ ਸਮਾਜ ਵਿਚ ਵਿਚਾਰਧਾਰਾ ਕਾਇਮ ਰਹਿੰਦੀ ਹੈ।

ਸਮਾਜ ਉਤਪਾਦਨ ਦੀ ਵਿਧੀ 'ਚ ਉਪਜਿਆ ਹੋਇਆ ਮਨੁੱਖੀ ਕਦਰ ਪ੍ਰਬੰਧ ਹੈ। ਸਮਾਜ ਵਿਚ ਮਨੁੱਖ ਦਾ ਜੀਵਨ ਭੌਤਿਕ ਜੀਵਨ ਨਾਲ ਜੁੜਿਆ ਹੁੰਦਾ ਹੈ। ਸਮਾਜਿਕ ਉਤਪਾਦਨ ਦੀ ਪ੍ਰਕਿਰਿਆ ਵਿਚ ਮਨੁੱਖ ਵਿਸ਼ੇਸ਼ ਸੰਬੰਧ ਬਣਾਉਂਦਾ ਹੈ। ਉਤਪਾਦਨ ਸ਼ਕਤੀਆਂ ਹੀ ਉਤਪਾਦਨ ਦੇ ਸੰਬੰਧ ਪੈਦਾ ਕਰਕੇ ਕਿਸੇ ਇੱਕ ਧਿਰ ਦੀ ਪੈਰਵੀਂ ਕਰਦੀਆਂ ਹਨ। ਮਾਰਕਸ ਅਨੁਸਾਰ, ਕਿਸੇ ਵੀ ਯੁੱਗ ਵਿਚ ਹਾਕਮ ਜਮਾਤ ਦੇ ਵਿਚਾਰ ਹੀ ਹਾਕਮ ਵਿਚਾਰ ਹੁੰਦੇ ਹਨ। ਜਿਸ ਹਾਕਮ ਜਮਾਤ ਦੇ ਹੱਥਾਂ ਵਿੱਚ ਪਦਾਰਥ ਉਤਪਾਦਨ ਦੇ ਸਾਧਨ ਹੁੰਦੇ ਹਨ, ਉਸੇ ਕੋਲ ਮਾਨਸਿਕ ਉਤਪਾਦਨ ਦੇ ਸਾਧਨ ਹੁੰਦੇ ਹਨ, ਫਲਸਰੂਪ ਉਹੋ ਹੀ ਮਾਨਸਿਕ ਉਤਪਾਦਨ ਤੇ ਵਸੀਕਾਰ ਵੀ ਰੱਖਦੀ ਹੈ।[2]

ਇਸ ਤਰ੍ਹਾਂ ਸਮਾਜ ਵਿਚ ਜਿਸ ਧਿਰ ਕੋਲ ਪਦਾਰਥਕ ਸ਼ਕਤੀਆਂ ਹੋਣ ਗਈਆਂ, ਉਸ ਧਿਰ ਦੀ ਸਰਦਾਰੀ ਦਾ ਬੋਲ-ਬਾਲਾ ਹੋਵੇਗਾ। ਸਮਾਜ ਵਿਚ ਸੱਭਿਆਚਾਰ ਅਸਲ ਵਿਚ ਹਾਕਮ ਜਮਾਤ ਦਾ ਹੀ ਹੁੰਦਾ ਹੈ ਕਿਉਂਕਿ ਸੱਭਿਆਚਾਰ ਨੂੰ ਪ੍ਰਵਾਗਨੀ ਦੇਣ ਵਾਲੀ ਤਕਨੀਕੀ ਸੰਚਾਰ ਸਾਧਨਾਂ ਤੇ ਵੀ ਹਾਕਮ ਜਮਾਤ ਦਾ ਕਬਜ਼ਾ ਹੁੰਦਾ ਹੈ। ਇਸ ਸਾਰੀ ਸਥਿਤੀ ਨੂੰ ਅਸੀਂ ਮਿਸ਼ੇਲ ਫੂਕੋ ਦੇ ਸੰਕਲਪ 'ਸੱਤਾ ਦੇ ਪ੍ਰਵਚਨ' ਰਾਹੀਂ ਸਮਝ ਸਕਦੇ ਹਾਂ। ਫੂਕੋ ਅਨੁਸਾਰ ਸੱਤਾ ਹੀ ਗਿਆਨ ਹੈ ਅਤੇ ਗਿਆਨ ਹੀ ਸੱਤਾ ਹੈ।[3] ਗਿਆਨ ਦੇ ਸਾਰੇ ਸਾਧਨ ਉੱਚ ਜਮਾਤ ਦੇ ਹੁੰਦੇ ਹਨ। ਜਦੋਂ ਕਿਸੇ ਵਿਚਾਰ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ ਤਾਂ ਉਹ ਆਪਣੇ ਆਪ ਹੈਜ਼ਮੋਨਕ ਸਥਿਤੀ ਧਾਰਨ ਕਰ ਲੈਂਸ ਹੋ ਜਾਂਦਾ ਹੈ ਅਤੇ ਸੱਤਾ ਵਿਚ ਬਦਲ ਜਾਂਦਾ ਹੈ। ਜਿਸ ਨੂੰ ਕਿਸੇ ਇਕ ਵਿਅਕਤੀ ਦੁਆਰਾ ਤੋੜਨਾ ਅਸੰਭਵ ਹੁੰਦਾ ਹੈ। ਇਹ ਵਿਚਾਰ ਅਸਲ ਵਿਚ ਉਚ ਸ੍ਰੇਣੀ ਦੇ ਹਿੱਤਾਂ ਦੀ ਪੈਰਵੀਂ ਕਰਦਾ ਹੈ ਅਤੇ ਸਧਾਰਨ ਮਨੁੱਖ ਦੇ ਅਵਚੇਤਨ ਨੂੰ ਪਕੜ ਕੇ ਆਪਣੇ ਵਸ ਵਿਚ ਕਰਦਾ ਹੈ।

ਜਦੋਂ ਅਸੀਂ ਸਮਾਜ ਦੀ ਸਮੁੱਚੀ ਬਣਤਰ ਨੂੰ ਦੇਖਦੇ ਹਾਂ ਤਾਂ ਸੱਤਾ ਆਪਣੇ ਪ੍ਰਵਚਨ ਨੂੰ ਅਮਲੀ ਰੂਪ ਵਿਚ ਲਿਆਉਣ ਲਈ ਸਮਾਜਿਕ ਸੰਸਥਾਵਾਂ ਦਾ ਨਿਰਮਾਣ ਕਰਦੀ ਹੈ, ਜੋ ਸੱਤਾ ਦੇ ਪ੍ਰਵਚਨ ਨੂੰ ਕਾਰਜੀ ਰੂਪ ਦਿੰਦੀਆਂ ਹਨ। ਕਰਦੀਆਂ ਹਨ। ਅਲਥੂਸਰ ਅਨੁਸਾਰ, ਹਾਕਮ ਜਮਾਤ ਦੋ ਤਰ੍ਹਾਂ ਦੀਆਂ ਸੰਸਥਾਵਾਂ ਰਾਹੀਂ ਆਪਣੀ ਸਰਦਾਰੀ ਕਾਇਮ ਰੱਖਦੀ ਹੈ। ਇਹ ਦੋਵੇਂ ਤਰ੍ਹਾਂ ਦੀਆਂ ਸੰਸਥਾਵਾਂ ਸਟੇਟ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ ਪਹਿਲੀ ਸ਼੍ਰੇਣੀ ਦੇ ਸਟੇਟ ਉਪਕਰਣਾਂ ਨੂੰ ਉਸਨੇ
ਤੱਸ਼ਦਦਮਈ ਸਟੇਟ ਉਪਕਰਣ (Repressive State Apparatuses) ਕਿਹਾ ਹੈ ਕਿਉਂਕਿ ਇਹ ਹਿੰਸਾ ਰਾਹੀਂ ਆਪਣਾ ਕਾਰਜ ਕਰਦੇ ਹਨ ਅਤੇ ਇਨ੍ਹਾਂ ਵਿਚ 'ਸਰਕਾਰ, ਪ੍ਰਸਾਸ਼ਨ ਫ਼ੋਜ, ਪੁਲਿਸ, ਅਦਾਲਤਾਂ ਅਤੇ ਜੇਲ੍ਹਾਂ' ਸ਼ਾਮਿਲ ਹਨ।

ਦੂਜੀ ਤਰ੍ਹਾਂ ਦੀਆਂ ਸੰਸਥਾਵਾਂ ਸਟੇਟ ਉਪਕਰਣਾਂ ਦਾ ਹਿੱਸਾ ਹੁੰਦੀਆਂ ਹਨ, ਜਿਨ੍ਹਾਂ ਨੂੰ
ਅਲਥਿਊਸਰ ਵਿਚਾਰਧਾਰਕ ਉਪਕਰਣਾਂ (Ideological State Apparatuses) ਕਹਿੰਦਾ ਹੈ। ਇਨ੍ਹਾਂ ਵਿਚ ਪਰਿਵਾਰਕ, ਵਿਦਿਅਕ, ਧਾਰਮਿਕ....... ਸੰਚਾਰ, ਸਭਿਆਚਾਰਕ ਸੰਸਥਾਵਾਂ ਸ਼ਾਮਿਲ ਹਨ।[4]

ਇਹ ਉਪਕਰਣ ਮਨੁੱਖ ਦੇ ਸਰੀਰ ਅਤੇ ਉਸਦੇ ਅਵਚੇਤਨ ਨੂੰ ਕਾਬੂ ਕਰ ਕੇ ਆਪਣੀ ਸਰਦਾਰੀ ਕਾਇਮ ਰੱਖਦੇ ਹਨ। ਇਸ ਵਿਚਾਰਧਾਰਾ ਵਿਚ ਵਿਰੋਧਤਾਈਆਂ ਵੀ ਪਈਆਂ ਹੁੰਦੀਆਂ ਹਨ ਜੋ ਵਿਰੋਧ ਦਾ ਸਬੱਬ ਬਣਦੀਆ ਹਨ। ਦਮਿਤ ਧਿਰ ਹਮੇਸ਼ਾ ਇਨ੍ਹਾਂ ਵਿਰੁੱਧ ਆਵਾਜ਼ ਉਠਾਉਂਦੀ ਰਹਿੰਦੀ ਹੈ। ਜਦੋਂ ਇਹ ਆਵਾਜ਼ ਸੰਗਠਿਤ ਹੋ ਕੇ ਉਠਦੀ ਹੈ ਤਾਂ ਕਿਸੇ ਅੰਦੋਲਨ ਦਾ ਰੂਪ ਧਾਰਦੀ ਹੈ।

ਪਰਿਵਾਰ ਭਾਰਤੀ/ਪੰਜਾਬੀ ਸਮਾਜ ਦੀ ਮੁੱਢਲੀ ਸੰਸਥਾ ਹੈ। ਮਨੁੱਖ ਨੂੰ ਜਨਮ ਤੋਂ ਲੈ ਕੇ ਮਰਨ ਤੱਕ ਆਪਣੇ ਅਧੀਨ ਰੱਖਣ ਦਾ ਸਭ ਤੋਂ ਕਾਰਗਰ ਤਰੀਕਾ ਘਰ ਹੈ, ਜੋ ਮਨੁੱਖ ਨੂੰ ਉਸਦੀਆਂ ਜੜ੍ਹਾਂ ਤੋਂ ਕਾਬੂ ਕਰਦਾ ਹੈ। ਘਰ ਮਨੁੱਖ ਨੂੰ ਵਿਚਾਰਧਾਰਕ ਮਾਹੌਲ ਪ੍ਰਦਾਨ ਕਰਦਾ ਹੈ ਜਿਸ ਵਿਚ ਮਨੁੱਖ ਦੀ ਸਿਰਜਣਕਾਰੀ ਹੁੰਦੀ ਹੈ ਅਤੇ ਮਨੁੱਖ ਨੂੰ ਅਨੁਸ਼ਾਸ਼ਨ ਚ ਰਹਿਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਘਰ ਦਾ ਮੁੱਖੀ 'ਪਿਤਾ' ਸੱਤਾ ਦਾ ਬਿੰਬ ਹੁੰਦਾ ਹੈ ਜੋ ਆਪਣੇ ਫ਼ੈਸਲਿਆਂ ਨੂੰ ਲਾਗੂ ਕਰ ਕੇ ਸੱਤਾ ਦੇ ਪ੍ਰਵਚਨ ਦੀ ਉਸਾਰੀ ਦਾ ਪ੍ਰੋੜ ਸੰਦ ਬਣ ਜਾਂਦਾ ਹੈ। ਘਰ ਵਿਚ ਨਿੱਜੀ ਜਾਇਦਾਦ ਦਾ ਸੰਕਲਪ ਹੀ ਨਹੀਂ ਪਇਆ ਸਗੋਂ ਉਹ ਸਾਰੇ ਨੈਤਿਕ ਵਿਵਹਾਰ, ਕਦਰਾ-ਕੀਮਤਾਂ ਅਤੇ ਪ੍ਰੰਪਰਾਵਾਂ ਵੀ ਸ਼ਾਮਲ ਹਨ ਜੋ ਸੱਤਾ ਪ੍ਰਵਚਨ ਰਾਹੀਂ ਮਨੁੱਖ ਨੂੰ ਕਾਬੂ ਕਰਨ ਲਈ ਬਣਾਈਆਂ ਗਈਆਂ ਹਨ। ਪਰਿਵਾਰ ਦੇ ਮੈਬਰ ਸੱਤਾ ਸ਼ਕਤੀ ਸੰਬੰਧਾਂ ਵਿਚ ਜੁੜੇ ਹੁੰਦੇ ਹਨ।

ਘਰ ਵਿਚ ਨਰ ਅਤੇ ਨਾਰੀ ਦੇ ਲਿੰਗ ਸੰਬੰਧਾਂ ਅਤੇ ਉਹਨਾਂ ਦੇ ਆਰਥਿਕ ਸੰਬੰਧਾਂ ਦੇ ਆਧਾਰ 'ਤੇ ਹੀ ਸਮਾਜਿਕ ਤਾਣੇ-ਬਾਣੇ ਦਾ ਨਿਰਮਾਣ ਹੁੰਦਾ ਹੈ। ਸਮਾਜਿਕ ਬਣਤਰ ਸਾਨੂੰ ਅਜਿਹਾ ਮਾਡਲ ਪ੍ਰਦਾਨ ਕਰਦੀ ਹੈ ਜਿਸ ਨਾਲ ਅਸੀਂ ਪੁਰਸ਼ਤਵ ਅਤੇ ਨਾਰੀਤਵ ਦੀ ਵਿਚਾਰਧਾਰਾ ਨੂੰ ਸਮਝ ਸਕਦੇ ਹਾਂ ਅਤੇ ਇਹ ਮਾਡਲ ਸਾਨੂੰ ਦੱਸਦਾ ਹੈ ਕਿ ਲਿੰਗ ਸੰਬੰਧਾਂ ਦੀ ਵਿਵਸਥਾ ਨੂੰ ਸਮਾਜ ਦੁਆਰਾ ਕਿਵੇਂ ਮਾਨਤਾ ਦਿੱਤੀ ਜਾਂਦੀ ਹੈ? ਇਨ੍ਹਾਂ ਸੰਬੰਧਾਂ ਦੇ ਆਧਾਰ 'ਤੇ ਹੀ ਉਨ੍ਹਾਂ ਦੀ ਸਰੀਰਕ ਦਿੱਖ,


© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/

ਪਹਿਰਾਵਾ, ਬੋਲਣ ਦੇ ਢੰਗ, ਕੰਮ ਆਦਿ ਵੰਡ ਕੇ ਕਿਸੇ ਇੱਕ ਵਰਗ ਦੀ ਸੱਤਾ ਕਾਇਮ ਕੀਤੀ ਜਾਂਦੀ ਹੈ। ਇਕ ਵਰਗ ਦੀ ਸੱਤਾ ਹੀ ਵਿਅਕਤੀ ਦੀ ਕੁਦਰਤੀ ਭਿੰਨਤਾ ਨੂੰ ਅੱਖੀਓ ਓਹਲੇ ਕਰਦੀ ਹੈ, ਨਰ ਅਤੇ ਨਾਰੀ ਨੂੰ ਪੁਰਸ਼ਤਵ ਅਤੇ ਨਾਰੀਤਵ ਨਾਲ ਜੋੜ ਦਿੰਦੀ ਹੈ। ਇਸ ਦੁਵੰਡ ਨੂੰ ਸਮਾਜਿਕ ਕਾਰਵਾਈਆ ਦੁਆਰਾ ਕਾਇਮ ਰੱਖਿਆ ਜਾਂਦਾ ਹੈ। ਸਮਾਜ ਦੁਆਰਾ ਦਿੱਤੀ ਪਛਾਣ ਲਈ ਨਰ ਅਤੇ ਨਾਰੀ ਜਵਾਬਦੇਹ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਇਸ ਪਛਾਣ ਨੂੰ ਕਾਇਮ ਰੱਖਣਾ ਹੁੰਦਾ ਹੇ। ਇਹ ਪਛਾਣ ਨਰ ਨੂੰ ਸਮਾਜ ਵਿਚ ਸ਼ਕਤੀਸ਼ਾਲੀ ਅਤੇ ਨਾਰੀ ਨੂੰ ਹੀਣ ਦਰਜਾ ਦਿੰਦੀ ਹੈ। ਇਸ ਭਿੰਨਤਾ ਨੂੰ ਬਿਨਾ ਕਿਸੇ ਤਰਕ ਦੇ ਆਧਾਰ 'ਤੇ ਕੁਝ ਮਿੱਥਾਂ ਅਨੁਸਾਰ ਕਾਇਮ ਰੱਖਿਆ ਜਾਂਦਾ ਹੈ। ਇਨ੍ਹਾਂ ਮਿੱਥਾਂ ਨੂੰ ਆਧਾਰ ਬਣਾ ਕੇ ਹੀ ਪਿੱਤਰੀ ਸੱਤਾ ਨਾਰੀ ਬਿੰਬ ਦੀ ਨਿਰਮਾਣਕਾਰੀ ਕਰਦੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸੱਤਾ ਨਰ ਅਤੇ ਨਾਰੀ ਨੂੰ ਆਪਣੇ ਕੰਟਰੋਲ ਅਧੀਨ ਰੱਖਦੀ ਹੈ। ਸਮਾਜ ਵਿਚ ਦੋਨਾਂ ਧਿਰਾ (ਨਰ ਅਤੇ ਨਾਰੀ) ਵਿਚ ਅਸਮਾਨ ਵੰਡ ਕੀਤੀ ਜਾਂਦੀ ਹੈ।ਪਰੰਤੂ ਅਸਲ ਵਿਚ ਅਜਿਹਾ ਨਹੀਂ ਹੁੰਦਾ ਕਿਉਂਕਿ ਸਮਾਜ ਵਿੱਚ ਅਜਿਹੀਆਂ ਨਾਰੀਆਂ ਵੀ ਹੁੰਦੀਆਂ ਹਨ ਜੋ ਘਰ ਅਤੇ ਘਰ ਤੋਂ ਬਾਹਰ ਦੇ ਕੰਮ ਕਰਦੀਆਂ ਹਨ। ਇਸ ਦੀ ਉਦਾਹਰਣ ਅਸੀਂ ਸਾਹਿਤ ਵਿਚੋਂ ਲੈ ਸਕਦੇ ਹਾਂ ਕਿਉਂਕਿ ਸਾਹਿਤਕਾਰ ਵੀ ਸਮਾਜ ਦਾ ਹੀ ਹਿੱਸਾ ਹੁੰਦਾ ਹੈ ਉਹ ਇੰਨ੍ਹਾਂ ਮਿੱਥਾਂ ਦੀ ਸਿਰਜਣਾ ਪਿੱਛੇ ਕੰਮ ਕਰ ਰਹੀਆਂ ਅਦਿੱਖ ਸ਼ਕਤੀਆਂ ਨੂੰ ਪਹਿਚਾਣਦਾ ਹੈ ਅਤੇ ਇੰਨ੍ਹਾਂ ਨੂੰ ਤੋੜਕੇ ਨਵੇਂ ਨਾਰੀ ਬਿੰਬ ਨੂੰ ਘੜਦਾ ਹੈ। ਜਿਵੇਂ ਜਸਵੰਤ ਕੰਵਲ ਦੇ 'ਹਾਣੀ' ਨਾਵਲ ਦੀ ਕੇਂਦਰੀ ਪਾਤਰ ਤਾਪੀ ਪੂਰੇ ਨਾਵਲ ਵਿਚ ਸਾਨੂੰ ਘਰ ਦੇ ਕੰਮ ਅਤੇ ਬਾਹਰਲੇ ਖੇਤਾਂ ਦੇ ਕਰਦੀ ਦਿਖਾਈ ਦਿੰਦੀ ਹੈ ਪਤੀ ਵੱਲੋਂ ਸ਼ਰਾਬ ਰਾਹੀਂ ਫੜੇ ਉਧਾਰ ਨੂੰ ਵੀ ਮੋੜਦੀ ਹੈ ਪਰ ਫਿਰ ਵੀ ਉਸ ਦੂਜੇ ਸਥਾਨ 'ਤੇ ਹੀ ਰੱਖਿਆ ਜਾਂਦਾ ਹੈ। ਜਿਵੇਂ,

> ਦੂਜੀ ਫੇਰੀ ਲਈ ਉਹ ਦੋਵੇਂ ਰੱਸੇ ਤੇ ਦੁਸਾਂਗ ਚੁੱਕ ਕੇ ਬਾਲਣ ਲੈਣ ਲਈ ਖੇਤਾਂ ਨੂੰ ਮੁੜ ਨਿਕਲ ਤੁਰੀਆਂ।ਸ਼ਾਮ ਨੂੰ ਧੰਤੋ ਭੱਠੀ ਤਪਾਉਂਦੀ ਤੇ ਉਸਦੀ ਮਾਂ ਸਿਲਾਂ ਚੁਗਣ ਲਈ ਇੱਕ ਹੋਰ ਚੱਕਰ ਮਾਰਦੀ। ਰਾਤੀਂ ਰਲ ਕੇ ਰਸੋਈ ਤਿਆਰ ਕਰਦੀਆਂ ਤੇ ਬਹੁਤੀ ਵਾਰ ਰੋਟੀ ਖਾਣ ਖੁਣੋ ਦੁੱਭਰ ਹੋ ਜਾਂਦੀ, ਜਦ ਕਿਸ਼ਨਾ ਬਾਹਾ ਚੁੱਕ-ਚੁੱਕ ਫੀਲਾ ਬਣ ਬਣ ਵਿਖਾਉਂਦਾ ਅਤੇ ਸ਼ਰਾਬੀ ਹੋਇਆ ਤਾਪੀ ਨੂੰ ਗਾਲ੍ਹਾਂ ਦੀ ਸੂੜ੍ਹ ਧਰ ਲੈਂਦਾ।[5]

ਇੱਥੇ ਨਾਵਲਕਾਰ ਨੇ ਪਿੱਤਰ ਸੱਤਾ ਜੋ ਜੈਵਿਕ ਭਿੰਨਤਾਂ 'ਤੇ ਟਿੱਕੀ ਹੋਈ ਹੈ ਉਸਨੂੰ ਤੋੜਿਆ ਹੈ ਭਾਵ ਕਿ ਨਰ ਅਤੇ ਨਾਰੀ ਇਕੋ ਕਿਸਮ ਦੇ ਨਹੀਂ ਸਗੋਂ ਉਨ੍ਹਾਂ ਵਿਚ ਭਿੰਨਤਾ ਪਾਈ ਜਾਂਦੀ ਹੈ। ਨਰ ਦੀ ਜੈਵਿਕ ਬਣਤਰ ਅਤੇ ਨਾਰੀ ਦੀ ਜੈਵਿਕ ਬਣਤਰ ਵਿਚ ਭਿੰਨਤਾ ਹੈ। ਸਮਾਜ ਨੇ ਸਿਰਫ਼ ਲਿੰਗ ਭਿੰਨਤਾ ਦੇ ਆਧਾਰ 'ਤੇ ਹੀ ਨਰ ਨੂੰ ਸ਼ਕਤੀਸ਼ਾਲੀ ਅਤੇ ਨਾਰੀ ਨੂੰ ਕਮਜ਼ੋਰ ਪੁਜ਼ੀਸਨ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਬਾਕੀ ਪੱਖਾਂ ਨੂੰ ਅੱਖੋਂ ਓਹਲੇ ਕਰ ਦਿੱਤਾ ਹੈ ਜਿਵੇਂ ਵਰਗ, ਜਾਤ, ਆਰਥਿਕਤਾ, ਉਮਰ, ਕਾਮੁਕਤਾ ਆਦਿ। ਇਹ ਸਾਰੇ ਪੱਖ ਨਰ ਅਤੇ ਨਾਰੀ ਦੀ ਸਰੀਰਕ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ ਪਰੰਤੂ ਪਿੱਤਰ ਸੱਤਾ ਨੇ ਸਿਰਫ਼ ਲਿੰਗ ਭਿੰਨਤਾ ਦੇ ਆਧਾਰ ਨੂੰ ਮੁੱਖ ਰੱਖ ਕੇ ਨਾਰੀ ਨੂੰ ਦੂਜੇ ਸਥਾਨ ਤੇ ਰੱਖਿਆ ਹੈ। ਨਾਰੀ ਨੂੰ ਹੀਣ ਮੰਨਣ ਦੀ ਧਾਰਨਾ ਸਮਾਜਿਕ ਸਰੰਚਨਾ ਵੱਲੋਂ ਉਸ ਉੱਪਰ ਥੋਪਿਆ ਪ੍ਰਵਚਨ ਹੈ। ਸਾਹਿਤ ਵਿਚ ਵੀ ਅਸੀਂ ਦੇਖਦੇ ਹਾਂ ਕਿ ਪਿਤਰ ਸੱਤਾ ਨੇ ਨਾਰੀ ਦੇ ਤਨ ਨੂੰ ਹੀ ਨਹੀਂ ਸਗੋਂ ਮਨ ਨੂੰ ਵੀ ਕਿੰਨਾ ਜਕੜ ਕੇ ਰੱਖਿਆ ਹੋਇਆ ਹੈ। ਤਾਪੀ ਆਪਣੇ ਪਤੀ ਤੋਂ ਸਰੀਰਕ ਪੱਖੋਂ ਤੱਕੜੀ ਹੋਣ ਤੇ ਵੀ ਉਸਦੀਆਂ ਵਧੀਕੀਆਂ ਵਿਰੁੱਧ ਕਦੇ ਹੱਥ ਨਹੀਂ ਚੁੱਕਦੀ। ਜਿਵੇਂ :-

> ਮੈਂ ਕੀ ਕਰ ਸਕਦੀ ਹਾਂ? ਉਸਨੂੰ ਜਾਪਿਆ, ਉਹ ਸੱਚੀ, ਨਰੋਈ ਅਤੇ ਕਮਾਊ ਹੁੰਦੀ ਹੋਈ ਵੀ ਜਰਵਾਣੇ ਮਰਦ ਅੱਗੇ ਬੇਵੱਸ ਹੈ। ਇਹ ਇਤਿਹਾਸਿਕ ਸੱਚ ਸੀ ਕਿ ਔਰਤ ਕਿਸੇ ਆਸਰੇ ਬਿਨਾ ਗ਼ਲਤ ਕੀਮਤਾਂ ਦੇ ਵਿਰੁੱਧ ਲੜਾਈ ਨਹੀਂ ਰੱਖ ਸਕਦੀ ਤੇ ਕਿਸੇ ਵੀ ਜ਼ਬਰਦਸਤੀ ਅੱਗੇ ਉਹ ਹਥਿਆਰ ਸੁੱਟ ਦਿੰਦੀ ਹੈ।[6]

ਇੱਥੇ ਅਸੀਂ ਦੇਖਦੇ ਹਾਂ ਕਿ ਔਰਤ ਨੂੰ ਹੈਜ਼ਮੌਨਿਕ ਪ੍ਰਵਚਨਾਂ ਨਾਲ ਇੰਨਾਂ ਕੁ ਲੈਸ ਕਰ ਦਿੱਤਾ ਜਾਂਦਾ ਹੈ ਕਿ ਸਰੀਰਕ ਪੱਖ ਤੋਂ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਵੀ ਉਹ ਆਪਣੇ ਆਪ ਨੂੰ ਕਮਜ਼ੋਰ ਮੰਨਦੀ ਹੈ। ਵਿਦਿਅਕ ਸੰਸਥਾ ਵੀ ਸੱਤਾ ਦੇ ਪ੍ਰਵਚਨ ਦੀ ਵਿਚਾਰਧਾਰਕ ਸੰਸਥਾ ਹੈ। ਵਿਦਿਆ ਪ੍ਰਣਾਲੀ ਦਾ ਸਾਰਾ ਢਾਂਚਾ ਨੀਤੀਆਂ, ਪ੍ਰੋਗਰਾਮ ਪਹਿਲਾ ਤੋਂ ਹੀ ਤੈਅ ਕੀਤੇ ਜਾਂਦੇ ਹਨ। ਬੱਚਿਆਂ ਨੂੰ ਕੀ ਪੜ੍ਹਾਉਣਾ ਹੈ ਅਤੇ ਕੀ ਨਹੀਂ ਅਤੇ ਕਿਸ ਤਰ੍ਹਾਂ ਪੜ੍ਹਾਉਣਾ ਹੈ, ਇਤਿਹਾਸ ਦੀ ਜਾਣਕਾਰੀ ਬੱਚਿਆਂ ਨੂੰ ਕਿਸ ਤਰ੍ਹਾਂ ਦੇਣੀ ਹੈ, ਮੁੰਡੇ ਕੁੜੀਆਂ ਨੂੰ ਕਿਹੜੀਆਂ ਖੇਡਾਂ ਖੇਡਣ ਵਾਸਤੇ ਤਿਆਰ ਕਰਨਾ ਹੈ। ਇਹ ਸਭ ਪਹਿਲਾ ਤੋਂ ਹੀ ਤੈਅ ਕੀਤਾ ਜਾਂਦਾ ਹੈ। ਇਸ ਸਾਰੀ ਪ੍ਰਕਿਰਿਆ ਰਾਹੀਂ ਉਤਪਾਦਨ ਦੀਆਂ ਹਾਲਤਾਂ ਦਾ ਪੁਨਰ-ਉਤਪਾਦਨ ਕੀਤਾ ਜਾਂਦਾ ਹੈ ਅਤੇ ਵੱਖ-ਵੱਖ ਜਮਾਤਾਂ ਦੇ ਹਿੱਤਾਂ ਵਿਚ ਸੰਤੁਲਿਨ ਰੱਖਿਆ ਜਾਂਦਾ ਹੈ। ਵਿਚਾਰਧਾਰਕ ਉਪਕਰਣ ਪ੍ਰਬੰਧਕਾਂ ਅਤੇ ਬੱਚਿਆਂ ਨੂੰ ਨੈਤਿਕ-ਕਦਰਾਂ ਕੀਮਤਾਂ, ਅਨੁਸ਼ਾਸ਼ਣ ਵਿਚ ਰਹਿਣ ਦੇ ਨਿਯਮ, ਸਮੇਂ ਦੇ ਪਬੰਧ ਰਹਿਣ ਲਈ ਤਿਆਰ ਕਰਦੇ ਹਨ, ਇਹ ਸਾਰੀਆਂ ਨੀਤੀਆਂ ਹਾਕਮ ਜਮਾਤ ਦੇ ਹਿੱਤਾਂ ਵਿਚ ਭੁਗਤਦੀਆਂ ਹਨ। ਅਲਥਿਊਸਰ ਅਨੁਸਾਰ,

ਵਿਦਿਆ ਦੇ ਖੇਤਰ ਵਿਚ ਕਿਰਤੀਆਂ, ਪ੍ਰਬੰਧਕਾਂ ਅਤੇ ਤਕਨੀਕੀ ਮਾਹਿਰਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ ਤਾਂ ਕਿ ਉਹ ਸਮਾਜਿਕ ਉਤਪਾਦਨ ਪ੍ਰਕਿਰਿਆ ਵਿਚ ਆਪਣਾ ਯੋਗਦਾਨ ਪਾ ਸਕਣ। ਦੇਖਣ ਨੂੰ ਇਹ ਪ੍ਰਕਿਰਿਆ ਕੁਦਰਤੀ ਅਤੇ ਨਿਰਪੇਖ ਲੱਗਦੀ ਹੈ ਕਿਉਂਕਿ ਇਸ ਦਾ ਮਨੋਰਥ ਲੋਕਾਂ ਨੂੰ ਗਿਆਨ ਉਪਲਭਧ ਕਰਾਉਣਾ ਹੈ ਪਰ ਅਸਲ ਵਿਚ ਪ੍ਰਯੋਜਨ ਉਨ੍ਹਾਂ ਲੋਕਾਂ ਨੂੰ ਪੂੰਜੀਵਾਦੀ ਉਤਪਾਦਨ ਅਤੇ ਮੰਡੀ ਲਈ ਤਿਆਰ ਕਰਨਾ ਹੈ।[7]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵਿਦਿਆ ਦੀਆਂ ਸਾਰੀਆਂ ਨੀਤੀਆਂ ਵੀ ਹਾਕਮ ਜਮਾਤ ਦੇ ਹਿੱਤਾਂ ਵਿਚ ਭੁਗਤਦੀਆਂ ਹਨ। ਮਰਦ ਪ੍ਰਧਾਨ ਸੱਤਾ ਵਿਚ ਇਕ ਬਾਪ, ਭਰਾ ਅਤੇ ਮਾਂ ਵੀ ਆਪਣੀ ਧੀ ਦਾ ਰਿਸ਼ਤਾ ਕਰਨ ਲੱਗਿਆ ਆਪਣੀ ਜਾਤ ਬਿਰਾਦਰੀ ਨੂੰ ਤਰਜ਼ੀਹ ਦਿੰਦੇ ਹਨ। ਕੁੜੀ ਨੂੰ ਪ੍ਰੇਮ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਂਦੀ। ਨਾਰੀ ਦੀ ਇਹ ਤ੍ਰਾਸਦੀ ਬਣ ਜਾਂਦੀ ਹੈ ਜਦੋਂ ਉਹ ਉਸ ਤੋਂ ਛੋਟੀ ਬਿਰਦਰੀ ਵਾਲੇ ਮੁੰਡੇ ਨਾਲ ਪਿਆਰ ਕਰਦੀ ਹੈ। ਪ੍ਰੇਮ ਸੰਬੰਧਾਂ ਦਾ ਮਾਪਿਆਂ ਜਾਂ ਭਰਾਵਾਂ ਨੂੰ ਪਤਾ ਲੱਗਣ ਤੇ ਕੁੱਟਮਾਰ ਕਰਨਾ, ਪੜ੍ਹਾਈ ਛੁਡਾਉਣਾ, ਘਰ ਵਿਚ ਕੈਦੀ ਬਣਾ ਕੇ ਰੱਖਣਾ, ਝੱਟਪਟ ਵਿਆਹ ਕਰਨਾ, ਮਾਨਸਿਕ ਤੇ ਸਰੀਰਕ ਤਸੀਹੇ ਦੇਣਾ ਹੀ ਇਸੇ ਅਖ਼ੌਤੀ 'ਅਣਖ਼ੀਲੀ' ਸੋਚ ਦਾ ਹਿੱਸਾ ਹਨ ਜੋ ਕਿ ਸੱਭਿਆਚਾਰਿਕ ਤੇ ਅਗਾਂਹਵਧੂ ਕਹਾਉਂਦੇ ਪੜ੍ਹੇ ਲਿਖੇ ਪਰਿਵਾਰਾਂ ਵਿਚ ਆਮ ਦੇਖਿਆ ਜਾ ਸਕਦਾ ਹੈ। ਪਾਲੀ ਭੁਪਿੰਦਰ ਦੇ ਨਾਟਕ 'ਚੰਦਨ ਦੇ ਓਹਲੇ' ਵਿਚਲੇ ਪਾਤਰਾਂ ਦੇ ਹਾਵਾਂ-ਭਾਵਾਂ, ਮਾਨਸਿਕ ਗੁੰਝਲਾਂ, ਸੁਪਨਿਆਂ, ਸੱਧਰਾਂ ਅਤੇ ਮਨ ਵਿਚਲੇ ਵਿਚਾਰਾਂ ਨੂੰ ਬਾਰੀਕੀ ਤੇ ਸੰਜ਼ੀਦਗੀ ਨਾਲ ਪੇਸ਼ ਕਰਕੇ ਬਹੁਪੱਖੀ ਅਰਥਾਂ ਦੀ ਰਸਾਈ ਕੀਤੀ ਜਾਂਦੀ ਹੈ। ਨਾਟਕ ਦੀ ਕੇਂਦਰੀ ਪਾਤਰ ਮਾਣਾ ਕਿਸੇ ਗ਼ੈਰ-ਜਾਤੀ ਦੇ ਮੁੰਡੇ ਨਾਲ ਪਿਆਰ ਕਰਦੀ ਹੈ। ਮਾਣਾ ਦੇ ਪਿਤਾ ਨੂੰ ਮੁੰਡਾ ਪਸੰਦ ਨਹੀਂ ਕਿਉਂਕਿ ਅਸਲੀ ਮਸਲਾ ਜਾਤ ਬਿਰਾਦਰੀ ਦਾ ਹੈ। ਘਰ ਵਿਚ ਉਸਨੂੰ ਕੈਦ ਕਰਕੇ ਰੱਖਿਆ ਜਾਂਦਾ ਹੈ। ਉਸਨੂੰ ਫੋਨ ਚੁੱਕਣ ਤੋਂ ਵਰਜ਼ਿਆ ਜਾਂਦਾ ਹੈ। ਜਿਵੇਂ

> ....ਰਿੰਗ ਹੁੰਦੀ ਹੈ, ਕਿਸੇ ਕੰਮ ਲੰਘ ਰਹੀਂ ਮਾਣਾ ਫ਼ੋਨ ਚੁੱਕਣ ਲੱਗਦੀ ਹੈ ਕਿ ਕਾਹਲੀ ਨਾਲ ਆ ਕੇ
> ਬਨੀ ਗਰਜ਼ਦਾ ਹੈ।......
> **ਬਨੀ:** ਤੂੰ ਨਾ ਚੱਕੀਂ...ਮੈਂ ਵੇਖਦਾ [(ਬਨੀ ਫ਼ੋਨ ਚੁੱਕਦਾ ਹੈ 'ਹੈਲੋ! ਕਹਿਣ
> ਦੇ ਬਾਵਜੂਦ ਵੀ ਜਦੋਂ ਆਵਾਜ਼
> ਨਹੀਂ ਆਉਂਦੀ ਤਾਂ ਫਿਰ ਭੜਕ ਜਾਂਦਾ ਹੈ।')
> ਤੂੰ ਹੱਟ ਜਾ, ਜੋ ਵੀ ਐਂ....! ਵਰਨਾ....।[8]

ਸਮਾਜ ਨੂੰ ਚਲਾਉਣ ਲਈ ਵਿਆਹ ਮਜ਼ਬੂਤ ਸੰਸਥਾ ਹੈ। ਨਾਰੀ ਨੂੰ ਕੁਝ ਕੁ ਭੌਤਿਕ ਸਹੂਲਤਾਂ ਦੇ ਕੇ ਹਮੇਸ਼ਾ ਲਈ ਆਰਥਿਕ ਪੱਖ ਤੋਂ ਹੀਣ ਕਰ ਦਿਤਾ


© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/

ਗਿਆ ਹੈ। ਉਸ ਦੀ ਆਪਣੀ ਕੋਈ ਸੁਤੰਤਰ ਇੱਛਾ ਨਹੀਂ ਹੈ। ਸਮਾਜਿਕ ਬਣਤਰ ਅਨੁਸਾਰ ਵਿਆਹ ਨਾਰੀ ਨੂੰ ਸਨਮਾਨਯੋਗ ਦਰਜ਼ਾ ਦਿੰਦਾ ਹੈ ਪਰ ਇਹ ਮਹਿਜ਼ ਇਕ ਧੋਖਾ ਹੈ ਵਿਆਹ ਨਾਰੀ ਦੀ ਸਾਰੀ ਜ਼ਿੰਦਗੀ ਨੂੰ ਸਾਂਚੇ ਵਿਚ ਢਾਲ ਦਿੰਦਾ ਹੈ। ਸਮਾਜ ਦੇ ਜਮਾਤੀ ਅੰਗ ਨੇ ਨਾਰੀ ਤੇ ਬਹੁਤ ਸਾਰੀਆਂ ਮਿੱਥਾਂ ਥੋਪੀਆਂ, ਜਿਸ ਅਨੁਸਾਰ ਨਾਰੀ ਇਨ੍ਹਾਂ ਮਿੱਥਾਂ ਵਿਚ ਹੀ ਜਕੜੀ ਰਹਿ ਗਈ ਪਰ ਮਰਦ ਆਪ ਇਨ੍ਹਾਂ ਮਿੱਥਾਂ ਤੋਂ ਪਾਰ ਜ਼ਿੰਦਗੀ ਜਿਉਣ ਲੱਗਾ। ਇਸੇ ਪ੍ਰਕਾਰ ਵਿਆਹ ਦੀ ਸੰਸਥਾਂ ਨਾਰੀ ਦੀ ਜ਼ਿੰਦਗੀ ਨੂੰ ਤਾਂ ਕੰਟਰੋਲ ਕਰਦੀ ਹੈ ਪਰ ਮਰਦ ਦੀ ਵਹਿਸ਼ਤ ਵਿਆਹ ਤੋਂ ਬਾਅਦ ਵੀ ਕਾਇਮ ਅਤੇ ਸਤਿਕਾਰਯੋਗ ਰਹਿੰਦੀ ਹੈ। ਅਸਲ ਵਿਚ ਨਾਰੀਵਾਦੀ ਮਾਡਲ ਅਨੁਸਾਰ ਪੁਰਸ਼-ਪ੍ਰਧਾਨ ਸਮਾਜਾਂ ਦੀ ਵਿਆਹ-ਸੰਸਥਾਂ ਅਤੇ ਪਰਿਵਾਰ-ਸੰਸਥਾ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ। ਇਸ ਮਾਡਲ ਅਨੁਸਾਰ ਵਿਆਹ ਇੱਕ ਕਾਨੂੰਨੀ ਅਤੇ ਸਥਾਈ ਜਿਸਮ-ਫਰੋਸ਼ੀ ਹੈ।[9] ਆਤਮਜੀਤ ਨੇ ਆਪਣੇ ਨਾਟਕ 'ਮੈਂ ਤਾਂ ਇਕ ਸਾਰੰਗੀ ਹਾਂ' ਵਿੱਚ ਵਿਆਹ ਸੰਸਥਾ ਦੇ ਸਥਾਪਿਤ ਬਿੰਬ 'ਤੇ ਵਿਅੰਗ ਕੀਤਾ ਹੈ ਕਿਉਂਕਿ ਵਿਆਹ ਔਰਤ ਨੂੰ ਗੁਲਾਮ ਰੱਖਦਾ ਹੈ। ਇਸ ਨਾਟਕ ਰਾਹੀਂ ਉਸਨੇ ਨਾਟਕ ਦੇ ਪਾਤਰਾਂ ਤੋਂ ਵਿਆਹ ਸੰਸਥਾ ਨੂੰ ਮਰਦ ਸੱਤਾ ਦੀ ਗੁਲਾਮੀ ਦਾ ਪ੍ਰਤੀਕ ਕਹਾਇਆ ਹੈ ਜਿਸ ਵਿਚ ਔਰਤ ਦੀ ਸਾਰੀ ਜਿੰਦਗੀ, ਉਸਦੀ ਵਿਦਿਆ, ਹਿੰਮਤ ਅਤੇ ਸੰਘਰਸ਼ ਸੜ ਕੇ ਸੁਵਾਹ ਹੋ ਜਾਂਦਾ ਹੈ। ਮੀਨਾ ਫੇਰਿਆ ਵਾਲੀ ਪਵਿੱਤਰ ਅਗਨੀ ਤੇ ਵਿਅੰਗ ਕਰਦੀ ਹੋਈ ਕਹਿੰਦੀ ਹੈ,

> **ਮੀਨਾ:** ਵੇਦੀ ਦੀ ਅੱਗ ਬੰਦੇ ਲਈ ਪਵਿੱਤਰ ਏ ਕਿਉਂਕਿ ਉਸ ਵਿਚ ਔਰਤ ਦੀ ਵਿੱਦਿਆ, ਸਟੱਰਗਲ ਹਿੰਮਤ ਸਭ ਕੁਝ ਸੜ ਕੇ ਸਵਾਹ ਹੋ ਜਾਂਦਾ ਏ....ਇਹ ਇੱਕ ਵਾਰ ਹੁੰਦਾ ਏ ਤੇ ਜ਼ਿੰਦਗੀ ਭਰ ਦੀ ਗ਼ੁਲਾਮੀ ਦੇ ਦਿੰਦਾ ਏ।[10]

ਕੁਦਰਤ ਦੀਆਂ ਵਿਰਾਟ ਸ਼ਕਤੀਆਂ ਅੱਗੇ ਮਨੁੱਖ ਹਮੇਸ਼ਾ ਹੀ ਬੇਵੱਸ ਰਿਹਾ ਹੈ। ਕੁਦਰਤ ਨੂੰ ਹਮੇਸ਼ਾ ਤੋਂ ਹੀ ਵੱਸ ਚ ਕਰਨ ਦੀ ਪੁਰ-ਜ਼ੋਰ ਕੋਸ਼ਿਸ਼ ਜਦੋਂ ਨਾਕਾਮਯਾਬ ਹੁੰਦੀ ਸੀ ਤਾਂ ਉਹ ਇਸ ਅੱਗੇ ਆਪਣੀ ਸ਼ਰਧਾ ਦੇ ਫੁੱਲ ਅਰਪਣ ਕਰਨ ਲੱਗਾ। ਇਸ ਪ੍ਰਕਿਰਿਆ ਚ ਹੀ ਧਰਮ ਨਾਮ ਦੀ ਸੰਸਥਾਂ ਹੋਂਦ ਚ ਆਉਂਦੀ ਹੈ। ਧਰਮ ਮਾਨਵ ਨੂੰ ਜੀਵਨ-ਜਾਂਚ, ਨੈਤਿਕ ਕਦਰਾਂ-ਕੀਮਤਾਂ ਦੀ ਸਿਖਲਾਈ ਦੇ ਕੇ ਸੱਤਾ ਦੇ ਪ੍ਰਵਚਨ ਨੂੰ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦੇ ਆਗਿਆਕਾਰ ਬਣਾਉਂਦਾ ਹੈ। ਕੁੜੀਆਂ ਨੂੰ 'ਚੰਗੀ ਕੁੜੀ' ਸਾਊ ਨੂੰਹ' ਵਾਲੀ ਮਿੱਥ ਨਾਲ ਲੈਸ ਕਰਦਾ ਹੈ। ਇਸ ਦੀ ਉਦਾਹਰਨ ਅਸੀਂ ਸਾਹਿਤ ਚ ਆਸਾਨੀ ਨਾਲ ਦੇਖ ਸਕਦੇ ਹਾਂ। 'ਜੰਗ ਜਾਂ ਅਮਨ' ਸੋਹਣ ਸਿੰਘ ਸ਼ੀਤਲ ਦਾ ਨਾਵਲ ਹੈ। ਇਸ ਨਾਵਲ ਦੀ ਕੇਂਦਰੀ ਪਾਤਰ ਕਿਰਪਾਲ ਕੌਰ ਹੈ। ਚੰਗੀ ਕੁੜੀ ਤੇ ਸਾਊ ਨੂੰਹ ਵਾਲੀ ਮਿੱਥ ਨੂੰ ਜੀਅ ਜਾਨ ਨਾਲ ਨਿਭਾਉਂਦੀ ਹੈ। ਸੁਹਰੇ ਪਰਿਵਾਰ ਵਿਚ ਉਹ ਆਪਣੇ ਜੇਠ ਨੂੰ ਵੀ ਬਣਦਾ ਸਤਿਕਾਰ ਦਿੰਦੀ ਹੈ ਪਰ ਇੰਦਰ ਇਸ ਸਤਿਕਾਰ ਨੂੰ ਗਲਤ ਸਮਝਦਾ ਹੋਇਆ ਕਿਰਪਾਲ ਤੇ ਹਮੇਸ਼ਾ ਮਾੜੀ ਅੱਖ ਰੱਖਦਾ ਹੈ। ਇਹ ਮਰਦ ਦਾ ਜਮਾਂਦਰੂ ਸੁਭਾਅ ਹੈ ਕਿ ਜਦੋਂ ਵੀ ਕੋਈ ਔਰਤ ਉਸ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਦੀ ਹੈ ਤਾਂ ਉਸ ਨੂੰ ਇਹ ਸਤਿਕਾਰ ਹਾਜ਼ਮ ਨਹੀਂ ਆਉਂਦਾ। ਕਿਰਪਾਲ ਦੇ ਘਰ ਵਾਲਾ ਫੌਜ਼ ਵਿਚ ਹੀ ਸ਼ਹੀਦ ਹੋ ਜਾਂਦਾ ਹੈ ਜਦੋਂ ਇਸ ਦੀ ਖ਼ਬਰ ਘਰ ਪਹੁੰਚਦੀ ਹੈ ਤਾਂ ਸਾਰੇ ਘਰ ਵਿਚ ਸੰਨਾਟਾ ਛਾਂ ਜਾਂਦਾ ਹੈ ਪਰ ਇੰਦਰ ਆਪਣੇ ਭਰਾ ਦੀ ਮੌਤ ਤੇ ਖ਼ੁਸ਼ ਹੁੰਦਾ ਹੈ ਕਿਉਂਕਿ ਹੁਣ ਕਿਰਪਾਲ ਤੇ ਇੰਦਰ ਚਾਦਰ ਪਾ ਕੇ ਉਸ 'ਤੇ ਆਪਣਾ ਹੱਕ ਜਮਾ ਸਕਦਾ ਹੈ। ਇਸ ਸਾਰੀ ਪ੍ਰਕਿਰਿਆ ਨੂੰ ਕਾਰਜ਼ੀ ਰੂਪ ਦੇਣ ਲਈ ਧਰਮ ਨਾਮ ਦੀ ਸੰਸਥਾਂ ਦਾ ਆਸਰਾ ਲਿਆ ਜਾਂਦਾ ਹੈ। ਉਧਰ ਕਿਰਪਾਲ ਕੌਰ ਨੇ ਘਰ ਵਾਲਿਆਂ ਅੱਗੇ ਲੱਖ ਮਿੰਨਤਾਂ ਕੀਤੀਆਂ ਪਰ ਉਸਦੀ ਮਾਂ ਵਰਗੀ ਸੱਸ ਵੀ ਉਸਦੀ ਵੈਰੀ ਬਣ ਗਈ ਕਿਉਂਕਿ ਉਸਦਾ ਅੰਦਰਲਾ ਮਨ ਖ਼ੁਸ਼ ਸੀ ਕਿ ਉਸਦਾ ਛੜਾ ਪੁੱਤ ਵਿਆਹਿਆ ਜਾ ਰਿਹਾ ਹੈ। ਕਿਰਪਾਲ ਕੌਰ ਜਦੋਂ ਵਾਰ-ਵਾਰ ਮਨਾ ਕਰਦੀ ਹੈ ਤਾਂ ਇੱਕ ਬਾਬਾ ਰਾਮ ਸਿੰਘ ਕਹਿੰਦਾ ਹੈ,

> ਕੀ ਕਰਦੀ ਆ ਇਹ ਕੁੜੀ, ਇਹਨੂੰ ਕਿਸੇ ਵੱਡੇ ਛੋਟੇ ਦੀ ਲੱਜ ਸ਼ਰਮ ਈ ਨਹੀਂ; ਨੌਹਾਂ ਧੀਆਂ ਵਾਲਾ ਕੋਈ ਚਾਲਾ ਈ ਨਹੀਂ ਇਹਦਾ। ਬਹਿ ਜਾ ਚੁੱਪ ਕਰਕੇ। ਕਿਰਪਾਲ ਨੇ ਪਾਸਾ ਪਰਤ ਕੇ ਵੇਖਿਆ। ਬੁਜ਼ਰਗ ਰਾਮ ਸਿੰਘ ਦੀਆਂ ਘੂਰੀਆਂ ਸਾਮ੍ਹਣੇ ਉਸ ਨਿਮਾਣੀ ਦਾ ਹੌਂਸਲਾ ਟੁੱਟ ਗਿਆ। ਉਹ ਨਿਤਾਣੀ ਹੋ ਕੇ ਗੋਡਿਆਂ 'ਚ ਸਿਰ ਦੇ ਕੇ ਰੌਣ ਲੱਗ ਪਈ।[11]

ਰਾਮ ਸਿੰਘ ਦੇ ਕਹੇ ਵਾਕ ਚ 'ਲੱਜ ਸ਼ਰਮ' ਅਤੇ 'ਨੂੰਹਾਂ ਧੀਆਂ ਵਾਲਾ ਚਾਲਾ' ਕੀ ਹੈ। ਇਹ ਸਾਰਾ ਕੁਝ ਸਾਡਾ ਸਮਾਜ ਤੈਅ ਕਰਦਾ ਹੈ ਕਿ ਕਿਹੜੀ-ਕਿਹੜੀ ਸਥਿਤੀ 'ਚ ਕੁੜੀ ਨੇ ਧੀਆਂ ਅਤੇ ਨੂੰਹ ਵਾਲਾ ਵਿਹਾਰ ਕਰਨਾ ਹੈ। ਕਦੋਂ ਉਸ ਨੇ ਸੰਗ ਅਤੇ ਸ਼ਰਮ ਕਰਨੀ ਹੈ ਅਤੇ ਕਦੋਂ ਨਹੀਂ ਕਰਨੀ। ਬੁਜ਼ਰਗ ਬਾਬੇ ਦਾ ਕੀ ਬਿੰਬ ਹੈ ਸਾਡੇ ਸਮਾਜ ਚ ? ਬਜ਼ੁਰਗ ਸਿਆਣਾ ਹੁੰਦਾ ਹੈ, ਉਸਦੀ ਕਹੀ ਗੱਲ ਹਮੇਸ਼ਾ ਸੱਚੀ ਅਤੇ ਸਹੀ ਹੁੰਦੇ ਹੈ ਅਤੇ ਉਸ ਗੱਲ ਨੂੰ ਸਾਰੇ ਮੰਨਦੇ ਹਨ। ਜਦੋਂ ਅਸੀਂ ਨਾਵਲ ਦੇ ਦ੍ਰਿਸ਼ ਦੀ ਸਥਿਤੀ ਨੂੰ ਵਾਚਦੇ ਹਾਂ ਤਾਂ ਬਜ਼ੁਰਗ ਦੀ ਕੋਈ ਵੀ ਗੱਲ ਸਿਆਣੀ ਨਹੀਂ ਲੱਗਦੀ ਕਿਉਂਕਿ ਉਹ ਵੀ ਸੱਤਾ ਅਧੀਨ ਆਪਣੇ ਪ੍ਰਵਚਨ ਨੂੰ ਥੋਪ ਰਿਹਾ ਹੈ। ਸ਼ਕਤੀਸ਼ਾਲੀ ਧਿਰ ਕਮਜ਼ੋਰ ਧਿਰ ਤੇ ਆਪਣੇ ਪ੍ਰਵਚਨ ਨੂੰ ਲਾਗੂ ਕਰਨ ਦਾ ਹੁਕਮ ਦੇ ਰਹੀਂ ਹੈ। ਅਤੇ ਧਾਰਮਿਕ ਸੰਸਥਾ ਇਸ ਸਾਰੀ ਪ੍ਰਕਿਰਿਆ ਨੂੰ ਕਾਰਜ਼ੀ ਰੂਪ ਦੇ ਰਹੀਂ ਹੈ। ਜਿਵੇਂ :-

> ਸਤਿਨਾਮ ਸ੍ਰੀ ਵਾਹਿਗੁਰੂ ਕਹਿ ਕੇ ਗ੍ਰੰਥੀ ਸਾਹਿਬ ਨੇ ਲਾਵਾ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਲਾਵਾਂ ਪਿਛੋਂ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸਾ ਸੋਧ ਦਿੱਤਾ ਗਿਆ। ਧਰਮ ਦੇ ਨਾਂ ਥੱਲੇ ਅਨਰਥ ਕਰ ਦਿੱਤਾ ਗਿਆ। ਸਾਊ ਸਮਾਜ ਨੇ ਜ਼ਰਵਾਣੇ ਮਰਦ ਨੂੰ ਇੱਕ ਨਿਆਸਰੀ ਸਤੀ ਦਾ ਸਤ ਲੁੱਟਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ।[12]

ਸੁੰਦਰਤਾ ਦੀ ਮਿੱਥ ਵੀ ਨਾਰੀ ਬਿੰਬ ਦੀ ਨਿਰਮਾਣਕਾਰੀ ਕਰਦੀ ਹੈ। ਸੱਭਿਆਚਾਰ ਵਿਚ ਜਿੰਨਾ ਵੀ ਹਾਰ-ਸ਼ਿੰਗਾਰ ਹੈ ਉਹ ਔਰਤਾਂ ਲਈ ਹੀ ਹੈ। ਨਾਰੀ ਨੂੰ ਪਤਲੀ, ਲੰਬੀ, ਗੋਰੀ, ਵੱਖ-ਵੱਖ ਸਟਾਇਲਿੰਸ਼ ਕੱਪੜੇ, ਸੁਸ਼ੀਲ, ਸੰਗਾਊ, ਚਰਿੱਤਰਵਾਨ, ਬਚਕਾਨਾ ਹਰਕਤਾਂ ਆਦਿ ਨੂੰ ਨਾਰੀਤਵ ਨਾਲ ਜੋੜਿਆ ਜਾਂਦਾ ਹੈ। ਨਾਰੀ ਦੀ ਸੁੰਦਰਤਾ ਨੂੰ ਇੰਨਾਂ ਪੈਮਾਨਿਆਂ ਰਾਹੀਂ ਪਰਖਿਆ ਜਾਂਦਾ ਹੈ। ਮੰਡੀ PRਵਚਨ ਨੇ ਨਾਰੀ ਦੀ ਜਿਸਮਾਨੀ ਖ਼ੂਬਸੂਰਤੀ ਨੂੰ ਕਾਇਮ ਰੱਖਣ ਲਈ ਹਾਰ-ਸ਼ਿੰਗਾਰ (cosmetic ) ਦੀਆਂ ਵਸਤਾਂ ਬਣਾਈਆਂ ਅਤੇ ਨਾਰੀ ਦੇ ਮਨ ਵਿਚ ਇੰਨ੍ਹਾਂ ਨੂੰ ਵਰਤਣ ਦੀ ਇੱਛਾ ਪੈਦਾ ਕੀਤੀ। ਨਾਰੀ ਦੀ ਬਾਹਰਲੀ ਸੁੰਦਰਤਾ ਨੂੰ ਹੀ ਸਹੀ ਮਿਆਰ ਮੰਨ ਲਿਆ ਜਾਂਦਾ ਹੈ ਅਤੇ ਉਸ ਦੀ ਕਾਬਲੀਅਤ ਨੂੰ ਅੱਖੋ-ਓਹਲੇ ਕਰ ਦਿੱਤਾ ਜਾਂਦਾ ਹੈ। ਜਿਸ ਵਿਚਕਾਰ ਉਸ ਦੀ ਮੌਲਿਕ ਹੋਂਦ ਅਤੇ ਸਿਰਜਾਣਮਿਕ ਪਛਾਣ ਸੰਕਟ ਗਸਤ ਹੋ ਜਾਂਦੀ ਹੈ। ਜੇਕਰ ਗੰਭੀਰਤਾ ਨਾਲ ਦੇਖਿਆ ਜਾਵੇ ਤਾਂ ਸੁੰਦਰਤਾ ਦੀ ਮਿੱਥ ਸਮਾਜ ਵੱਲੋਂ ਘੜੀ ਜਾਂਦੀ ਹੈ। ਸਮਾਜਕ ਸੰਸਥਾਵਾਂ ਨੇ ਔਰਤ ਨੂੰ ਹਰ ਪੱਖ ਤੋਂ ਕਾਬੂ ਕਰ ਕੇ ਉਸਨੂੰ ਆਰਥਿਕ ਅਤੇ ਮਾਨਸਿਕ ਪੱਖ ਤੋਂ ਕਮਜ਼ੋਰ ਕੀਤਾ ਹੈ। ਪ੍ਰਵਚਨ ਹੀ ਅਜਿਹਾ ਸਾਧਨ ਹੈ ਜਿਸ ਨਾਲ ਬੰਦੇ ਨੂੰ ਸੌਖਿਆ ਹੀ ਕਾਬੂ ਕੀਤਾ ਜਾਂਦਾ ਹੈ। ਅਜਿਹੀ ਹੀ ਉਦਾਹਰਣ ਅਸੀਂ ਆਤਮਜੀਤ ਦੇ ਨਾਟਕ 'ਮੈਂ ਤਾਂ ਇੱਕ ਸੁਰੰਗੀ ਹਾਂ' ਵਿਚ ਦੇਖਦੇ ਹਾਂ। ਗੀਤਾ ਆਮ ਕੁੜੀਆਂ ਵਾਂਗ 'ਗੋਰੇ ਰੰਗ' ਦੀ ਕੁੜੀ ਨਹੀਂ ਹੈ। ਜਿਸ ਕਾਰਨ ਉਸ ਦੀ ਤੁਲਨਾ ਉਸਦੇ 'ਗੋਰੇ ਰੰਗ' ਦੇ ਭਰਾ ਨਾਲ ਕੀਤੀ ਜਾਂਦੀ ਹੈ। ਉਸ ਦਾ ਭਰਾ ਆਪਣੇ ਪਿਤਰੀ ਧਰਮ ਨੂੰ ਪੂਰੀ ਸ਼ਰਧਾ ਨਾਲ ਨਿਭਾਉਂਦਾ ਹੈ। ਗੀਤਾ ਨੂੰ ਘਰ ਵਿਚ ਮਨਹੂਸ ਮੰਨਿਆ ਜਾਂਦਾ ਹੈ। ਉਸਦੇ ਵਿਆਹ ਦੀ ਫ਼ਿਕਰ ਕੀਤੀ ਜਾਂਦੀ ਹੈ। ਕਿਉਂਕਿ ਉਹ 'ਕਾਲੇ ਰੰਗ' ਦੀ ਕੁੜੀ ਹੈ ਜਿਸ ਨੂੰ ਸਾਡਾ ਸਮਾਜ ਪਸੰਦ ਨਹੀਂ ਕਰਦਾ। ਮਾਂ ਗੀਤਾ ਨੂੰ ਕਹਿੰਦੀ ਹੈ,

> **ਮਾਂ:** ਖ਼ਬਰਦਾਰ। ਤੇਰਾ ਉਹਦਾ ਕੀ ਮੁਕਾਬਲਾ? ਉਹਦਾ ਰੰਗ ਦੇਖਿਆ ਏ ਕਦੇ? ਤੇ ਆਪਣੀ ਸ਼ਕਲ ਵੀ ਦੇਖ ਤਵੇ ਦਾ ਪੁੱਠਾ ਪਾਸਾ।


© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/

> **ਗੀਤਾ:** ਕੀ ਕਰਾਂ ਫੇਰ ਮੈਂ? ਮੂੰਹ ਨੂੰ ਕਲੀ ਕਰਾ ਲਵਾਂ? ਖੋਲ ਚੜ੍ਹਾਂ ਲਵਾਂ ਉੱਤੇ? ਮੇਰਾ ਕੀ ਕਸੂਰ ਏ ਇਹਦੇ ਵਿਚ।
> **ਮਾਂ:** ਪਰ ਧੀਏ ਤੇਰੇ ਨਾਲ ਵਿਆਹ ਕੌਣ ਕਰਵਾਏਗਾ? ਵਿਆਹ ਤਾਂ ਲੱਖਾਂ ਦੀਆਂ ਖੇਡਾਂ ਨੇ। ਤੂੰ ਸੁਹਣੀ- ਸੁਨੱਖੀ ਹੁੰਦੀ ਤਾਂ ਲੋਕਾਂ ਆਪ ਮੰਗ ਲੇ ਲੈ ਜਾਣੀ ਸੀ।[13]

ਗੀਤਾ ਦੇ ਮਾਂ ਨਾਲ ਸੰਵਾਦ ਤੋਂ ਅਸੀਂ ਸਮਾਜ ਵਿਚਲੀ 'ਸੁੰਦਰਤਾ ਦੀ ਮਿੱਥ' ਦਾ ਅੰਦਾਜ਼ਾ ਲਗਾ ਸਕਦੇ ਹਾਂ ਕਿ ਇਸ ਨੇ(ਮਿੱਥ) ਕਿਵੇਂ ਔਰਤ ਦੀ ਸਾਰੀ ਜ਼ਿੰਦਗੀ ਨੂੰ ਸਿਰਫ ਵਿਆਹ ਤੱਕ ਸੀਮਤ ਕੀਤਾ ਹੋਇਆ ਹੈ। ਸਾਹਿਤਕਾਰ ਨੇ ਆਪਣੀ ਰਚਨਾ ਵਿਚ ਇਸ ਬਾਰੇ ਸਾਡਾ ਧਿਆਨ ਹੀ ਨਹੀਂ ਦਿਵਾਇਆ ਸਗੋਂ ਗੀਤਾ ਦੇ ਪਾਤਰ ਰਾਹੀਂ ਇਸ 'ਮਿੱਥ' ਦਾ ਭੰਜਨ ਵੀ ਕੀਤਾ ਹੈ। ਗੀਤਾ ਇਸ ਰੀਤ ਨੂੰ ਤਿਆਗ ਕੇ ਆਪਣੀ ਨਵੀਂ ਹੋਂਦ ਨੂੰ ਸਥਾਪਿਤ ਕਰਦੀ ਹੈ ਅਤੇ ਸਾਰੀ ਜ਼ਿੰਦਗੀ ਸਵੈਮਾਨ ਨਾਲ ਰਹਿੰਦੀ ਹੈ।

## ਨਿਸਕਰਸ਼

ਉਪਰੋਕਤ ਵਿਚਾਰ ਚਰਚਾ ਕਰਨ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਭੌਤਿਕ ਪਰਿਸਥਿਤੀਆਂ ਦੀਆਂ ਵਿਰੋਧਤਾਈਆਂ ਇਤਿਹਾਸਕ ਪ੍ਰਕ੍ਰਿਆਂ 'ਚੋਂ ਗੁਜ਼ਰਦਿਆਂ ਮਨੁੱਖੀ ਸਭਿਅਤਾ ਅਤੇ ਸੰਵੇਦਨਾ ਨਾਲ ਟਕਰਾਉਂਦੀਆਂ ਹਨ। ਇਸ ਟਕਰਾਅ ਦੇ ਵਿਰੋਧ 'ਚੋਂ ਮਨੁੱਖੀ ਸਿਰਜਣਾ ਆਪਣਾ ਰੂਪ ਧਾਰਦੀ ਹੈ। ਉਸਦੀ ਸਿਰਜਣਾ ਦੇ ਰੂਪਕ, ਬਿੰਬ, ਚਿਹਨ, ਭਾਸ਼ਾ ਅਤੇ ਫਲਸਫ਼ਾ ਜਮਾਤੀ ਜਾਤੀ ਟਕਰਾਅ ਨੂੰ ਰੂਪਮਾਨ ਕਰਦਾ ਹੈ। ਜਿਹੜਾ ਸਮਾਜ ਜਮਾਤਾਂ, ਲਿੰਗ ਅਤੇ ਨਸਲੀ ਵੰਡ ਵਖਰੇਵੇਂ ਦੇ ਆਧਾਰ 'ਤੇ ਵਿਕਸਤ ਹੋਇਆ ਹੋਵੇ ਉਸਦੀ ਸਿਰਜਣਾ ਵੀ ਇਸ ਵੰਡ ਤੋਂ ਪ੍ਰੇਰਿਤ ਰਹਿੰਦੀ ਹੈ ਇਸ ਕਰਕੇ ਦਮਿਤ/ਦਲਿਤ ਧਿਰਾਂ ਦੀ ਸਥਿਤੀ ਦਾ ਬਿੰਬ ਤ੍ਰਾਸਦਿਕ ਅਤੇ ਸੰਤਾਪਮਈ ਜਿੰਨਾ ਬਾਹਰੀ ਸੰਸਾਰ 'ਚੋਂ ਹੈ ਉਨਾ ਹੀ ਸਾਹਿਤ ਸਿਰਜਣਾ ਚੋਂ ਵੀ ਹੈ। ਇਸ ਬਿੰਬ ਦੀ ਨਿਰਮਾਣਕਾਰੀ ਲਈ ਲੇਖਕ ਦੀ ਆਪਣੀ ਜਮਾਤੀ/ਜਾਤੀ ਪੁਜ਼ੀਸ਼ਨ, ਉਸਦਾ ਵਿਚਾਰਧਾਰਾਈ ਪੈਂਤਰਾ ਅਤੇ ਹੈਜਮੋਨਿਕ ਪ੍ਰਵਚਨਾਂ ਨੂੰ ਰੋਕਣ ਅਤੇ ਉੱਲਧਣ ਦੀ ਚੇਤਨਾ ਕਾਰਜਕਾਰੀ ਭੂਮਿਕਾ ਨਿਭਾਉਂਦੀ ਹੈ। ਉਹ ਸਥਾਪਿਤੀ ਦੀ ਵਿਚਾਰਧਾਰਾ ਦੁਆਰਾ ਘੜਿਆ ਬਿੰਬ ਰਚਨਾਤਮਿਕ ਅਤੇ ਆਲੋਚਤਨਾਮਿਕ ਵਿਸ਼ਲੇਸ਼ਣ (critique) ਤਰੀਕੇ ਨਾਲ ਤੋੜਦਾ ਹੈ ਅਤੇ ਨਵੇਂ ਬਦਲਵੇਂ ਬਿੰਬਾਂ ਨੂੰ ਘੜਦਾ ਹੈ ਜਿਸ ਦੀ ਸਿਰਜਣਾਤਮਕ ਕਲਪਨਾ ਉਹ ਕਰਨਾ ਚਾਹੁੰਦਾ ਹੈ। ਇਸ ਲਈ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਸਾਹਿਤ ਸਮਾਜਿਕ ਯਥਾਰਥ ਨੂੰ ਤਬਦੀਲ ਕਰਕੇ ਨਵੇਂ ਮਨੁੱਖੀ ਸੱਚ ਦੀ ਪੁਨਰ-ਸਿਰਜਨਾ ਕਰਦਾ ਹੈ।

## ਸੰਦਰਭ ਸੂਚੀ


1. ਗੁਰਜੀਤ ਸਿੰਘ ਸੰਧੂ ਡਾ. ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਵਰਤਮਾਨ ਪ੍ਰਸੰਗ. ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ; 2013. ਪੰਨਾ 139.
2. ਕਾਰਲ ਮਾਰਕਸ, ਫ੍ਰਿਡਰਿਕ ਏਂਗਲਜ਼. ਸਾਹਿਤ ਅਤੇ ਕਲਾ. ਮਾਸਕੋ: ਪ੍ਰਗਤੀ ਪ੍ਰਕਾਸ਼ਨ. ਪੰਨਾ 81.
3. Foucault M. Power/Knowledge: Selected Interviews and Other Writings 1972–1977. Gordon C, editor. New York: Pantheon Books; 1980. p. 59.
4. ਮਨਮੋਹਨ ਸਿੰਘ ਡਾ. ਅਲਥਿਊਸਰ. ਦਿੱਲੀ: ਪੰਜਾਬੀ ਅਕਾਦਮੀ. ਪੰਨਾ 47.
5. ਜਸਵੰਤ ਸਿੰਘ ਕੰਵਲ. ਹਾਣੀ. ਲੁਧਿਆਣਾ: ਚੇਤਨਾ ਪ੍ਰਕਾਸ਼ਨ; 2019. ਪੰਨਾ 8.
6. ਜਸਵੰਤ ਸਿੰਘ ਕੰਵਲ. ਹਾਣੀ. ਲੁਧਿਆਣਾ: ਚੇਤਨਾ ਪ੍ਰਕਾਸ਼ਨ; 2019. ਪੰਨਾ 93.
7. ਮਨਮੋਹਨ ਡਾ. ਅਲਥਿਊਸਰ. ਦਿੱਲੀ: ਪੰਜਾਬੀ ਅਕਾਦਮੀ; 2010. ਪੰਨਾ 48.
8. ਪਾਲੀ ਭੁਪਿੰਦਰ. ਚੰਦਨ ਦੇ ਓਹਲੇ. 2ਵਾਂ ਸੰਸਕਰਣ. ਲੁਧਿਆਣਾ: ਚੇਤਨਾ ਪ੍ਰਕਾਸ਼ਨ; 2009. ਪੰਨਾ 17.
9. ਟੀ. ਆਰ. ਵਿਨੋਦ. ਸੰਸਕ੍ਰਿਤੀ: ਸਿਧਾਂਤ ਅਤੇ ਵਿਹਾਰ. ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ; 2004. ਪੰਨਾ 226.
10. ਆਤਮਜੀਤ ਸਿੰਘ. ਮੈਂ ਤਾਂ ਇੱਕ ਸਾਰੰਗੀ ਹਾਂ. ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ; 2002. ਪੰਨਾ 33.
11. ਸੋਹਣ ਸਿੰਘ ਸੀਤਲ. ਜੰਗ ਜਾਂ ਅਮਨ. ਲੁਧਿਆਣਾ: ਲਾਹੌਰ ਬੁਕ ਸ਼ਾਪ; 2019. ਪੰਨਾ 210.
12. ਸੋਹਣ ਸਿੰਘ ਸੀਤਲ. ਜੰਗ ਜਾਂ ਅਮਨ. ਲੁਧਿਆਣਾ: ਲਾਹੌਰ ਬੁਕ ਸ਼ਾਪ; 2019. ਪੰਨਾ 211.
13. ਆਤਮਜੀਤ ਸਿੰਘ. ਮੈਂ ਤਾਂ ਇੱਕ ਸਾਰੰਗੀ ਹਾਂ. ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ; 2002. ਪੰਨਾ 42.


**Creative Commons (CC) License**

This article is an open-access article distributed under the terms and conditions of the Creative Commons Attribution (CC BY 4.0) license. This license permits unrestricted use, distribution, and reproduction in any medium, provided the original author and source are credited.



© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/